# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 27.09.2019ਨੂੰ ਦੁਪਹਿਰ 3.00 ਵਜੇ

ਅੱਜ ਮਿਤੀ 27.09.2019ਨੂੰ ਦੁਪਹਿਰ 3.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 3 | ਸ਼ੈਰੀ ਗੋਇਲ | 6 | ਕੌਂਸਲਰ |
| 4 | ਹਰਪਾਲ ਸਿੰਘ | 7 | ਕੌਂਸਲਰ |
| 5 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 6 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 7 | ਪੰਕਜ ਅਰੋੜਾ | 12 | ਕੌਂਸਲਰ |
| 8 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 9 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 10 | ਬਲਜੀਤ ਸਿੰਘ ਬੀੜਬਹਿਮਣ | 15 | ਕੌਂਸਲਰ |
| 11 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 12 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 13 | ਰਾਜ ਕੁਮਾਰ | 27 | ਕੌਂਸਲਰ |
| 14 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 15 | ਤਰਲੋਚ ਸਿੰਘ | 29 | ਕੌਂਸਲਰ |
| 16 | ਪ੍ਰੀਤਮ ਕੌਰ | 31 | ਕੌਂਸਲਰ |
| 17 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 18 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 19 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 20 | ਅੰਜਨਾ ਰਾਣੀ | 41 | ਕੌਂਸਲਰ |
| 21 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 22 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 23 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 24 | ਗੁਰਮੀਤ ਕੌਰ | 49 | ਕੌਂਸਲਰ |
| 25 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮਾਨਯੋਗ ਮੇਅਰ ਸਾਹਿਬ ਜੀ ਦੀ ਆਗਿਆ ਨਾਲ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

ਮੀਟਿੰਗ ਦੀ ਕਾਰਵਾਈ ਸ਼ੁਰੂ ਹੋਣ ਤੇ ਦਫਤਰ ਸੁਪਰਡੈਂਟ ਵੱਲੋਂ ਦਸਿਆ ਗਿਆ ਕਿ ਮਿਤੀ 13.09.2019 ਨੂੰ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਮਾਨਯੋਗ ਮੇਅਰ ਸਾਹਿਬ ਜੀ ਦੀ ਪ੍ਰਬੰਧਕੀ ਕਾਰ ਗੁਜਾਰੀ ਨੂੰ ਦੇਖਦੇ ਹੋਏ, ਉਹਨਾਂ ਦੇ ਖਿਲਾਫ ਬੇ-ਭਰੋਸਗੀ ਸਬੰਧੀ ਰਿਕੂਜੀਸ਼ਨ ਅਤੇ ਇਸ ਸਬੰਧੀ ਨਿਯਮਾਂ ਅਨੁਸਾਰ ਮੀਟਿੰਗ ਬੁਲਾਉਣ ਬਾਰੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਰਿਕੂਜੀਸ਼ਨ ਦਿੱਤੀ ਗਈ ਸੀ। ਕਮਿਸ਼ਨਰ, ਨਗਰ ਨਿਗਮ, ਬਠਿੰਡਾ ਵੱਲੋਂ ਇਹ ਰਿਕੂਜੀਸ਼ਨ ਮਾਨਯੋਗ ਮੇਅਰ ਸਾਹਿਬ ਨੂੰ ਮਾਰਕ ਕਰ ਦਿੱਤੀ ਗਈ। ਮਾਨਯੋਗ ਮੇਅਰ ਸਾਹਿਬ ਵੱਲੋਂ ਇਸ ਸਬੰਧੀ ਮਿਤੀ 27.09.2019 ਨੂੰ ਦੁਪਹਿਰ 3.00 ਵਜੇ ਮੀਟਿੰਗ ਬੁਲਾਈ ਗਈ। ਉਹਨਾਂ ਇਹ ਵੀ ਦਸਿਆ ਕਿ ਡਿਪਟੀ ਕਮਿਸ਼ਨਰ, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 2401/ਏ/ਨਪਸ-2 ਮਿਤੀ 17.09.2019 ਰਾਹੀਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਇੰਨ੍ਹਾਂ ਕੁੱਝ ਨਗਰ ਕੌਂਸਲਰਾਂ ਵੱਲੋਂ ਪ੍ਰਾਪਤ ਪੱਤਰ ਦੀ ਕਾਪੀ ਭੇਜ ਕੇ ਲਿਖਿਆ ਗਿਆ ਕਿ ਇਸ ਪੱਤਰ ਤੇ ਪਹਿਲ ਦੇ ਆਧਾਰ ਤੇ ਰੂਲਾਂ ਅਨੁਸਾਰ ਬਣਦੀ ਲੋੜੀਂਦੀ ਕਾਰਵਾਈ ਤੁਰੰਤ ਕਰਕੇ ਦਫਤਰ ਨੂੰ ਜਾਣੂ ਕਰਵਾਇਆ ਜਾਵੇ। ਡਿਪਟੀ ਕਮਿਸ਼ਨਰ, ਬਠਿੰਡਾ ਦੇ ਉਕਤ ਪੱਤਰ ਦੀ ਕਾਪੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 2640 ਮਿਤੀ 23.09.2019 ਨਾਲ ਨੱਥੀ ਕਰਕੇ ਮਾਨਯੋਗ ਮੇਅਰ ਸਾਹਿਬ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜੀ ਗਈ।ਇਸਉਪਰੰਤ ਉਕਤ ਕਾਂਗਰਸ ਪਾਰਟੀ ਦੇ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਮਿਤੀ 26.09.2019 ਨੂੰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਬੇ-ਭਰੋਸਗੀ ਮਤਾ ਵਾਪਸ ਲੈਣ ਲਈ ਪੱਤਰ ਲਿਖਿਆ ਕਿ ਕਾਂਗਰਸ ਪਾਰਟੀ ਦੇ ਕੌਂਸਲਰਾਂ ਵੱਲੋਂ ਜੋ ਬੇਵਸਾਹੀ ਦਾ ਮਤਾ ਮੇਅਰ ਸਾਹਿਬ ਦੇ ਖਿਲਾਫ ਰੱਖਿਆ ਗਿਆ ਸੀ, ਉਹ ਮਤਾ ਕਾਂਗਰਸ ਪਾਰਟੀ ਦੇ ਕੌਂਸਲਰਾਂ ਵੱਲੋਂ ਵਾਪਸ ਲਿਆ ਜਾ ਰਿਹਾ ਹੈ।

ਸ਼੍ਰੀ ਰਾਜ ਕੁਮਾਰ ਗੋਇਲ, ਕੌਂਸਲਰ, ਹਾਊਸ ਤੋਂ ਚਲੇ ਗਏ।

ਮੀਟਿੰਗ ਵਿੱਚ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਜਿਵੇਂ ਕਿ ਅਸੀ ਸਾਰੇ ਜਾਣਦੇ ਹਾਂ ਕਿ ਪਿਛਲੇ ਤਕਰੀਬਨ 14 ਦਿਨਾਂ ਤੋਂ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਵੱਲੋਂ ਸਾਰੇ ਸ਼ਹਿਰ ਵਿੱਚ ਬੇ-ਵਜ੍ਹਾ ਹਲਚਲ ਪੈਦਾ ਕੀਤੀ ਹੋਈ ਸੀ। ਇਹ ਕੋਈ ਸੰਜੀਦਗੀ ਦੀ ਗੱਲ ਨਹੀਂ ਸੀ ਅਤੇ ਨਾ ਹੀ ਕੋਈ ਮੁੱਦਾ ਸੀ।

ਉਹਨਾਂ ਦਸਿਆ ਕਿ ਨਗਰ ਨਿਗਮ ਬੜੇ ਹੀ ਸ਼ਾਂਤਮਈ ਢੰਗ ਨਾਲ ਆਪਣਾ ਕੰਮ ਕਰ ਰਹੀ ਸੀ। ਨਗਰ ਨਿਗਮ ਵੱਲੋਂ ਵਿਕਾਸ ਦੇ ਜੋ ਵੀ ਜਰੂਰੀ ਕੰਮ ਹੁੰਦੇ ਹਨ, ਉਹ ਕੀਤੇ ਜਾ ਰਹੇ ਸਨ। ਅਚਾਨਕ ਹੀ ਪਤਾ ਨਹੀਂ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਦੇ ਮਨ ਵਿੱਚ ਕੀ ਗੱਲ ਆਈ ਕਿ ਸਾਰੇ ਸ਼ਹਿਰ ਵਿੱਚ ਹਲਚਲ ਹੋ ਗਈ। ਉਹਨਾਂ ਪਿਛਲੇ ਦਿਨੀਂ ਹੋਏ ਘਟਨਾਕ੍ਰਮ ਦਾ ਵੇਰਵਾ ਸੁਣਾਇਆ। ਉਹਨਾਂ ਕਿਹਾ ਕਿ "ਮਿਤੀ 13.09.2019 ਨੂੰ ਨਗਰ ਨਿਗਮ ਬਠਿੰਡਾ ਦੇ ਕੁੱਝ ਕੌਂਸਲਰਾਂ ਵੱਲੋਂ ਨਗਰ ਨਿਗਮ ਮੇਅਰ ਦੇ ਖਿਲਾਫ ਬੇਵਸਾਹੀ ਦਾ ਪ੍ਰਗਟਾਵਾ ਕਰਦੇ ਹੋਏ ਇਕ ਰਿਕੂਜੀਸ਼ਨ ਦੇ ਕੇ ਮੇਅਰ ਜੀ ਦੇ ਖਿਲਾਫ ਬੇ-ਭਰੋਸਗੀ ਦੇ ਮਤੇ ਤੇ ਵਿਚਾਰ ਕਰਨ ਲਈ ਨਿਯਮਾਂ ਅਨੁਸਾਰ ਵਿਸ਼ੇਸ਼ ਮੀਟਿੰਗ ਬੁਲਾਉਣ ਦੀ ਮੰਗ ਕੀਤੀ।ਮੰਗ ਪੱਤਰ (Requisition) ਦੇ ਆਧਾਰ ਤੇ ਨਿਯਮਾਂ ਦੀ ਪਾਲਣਾਂ ਕਰਦੇ ਹੋਏ ਮੇਅਰ ਸਾਹਿਬ ਨੇ ਬਕਾਇਆਦਾ ਏਜੰਡਾ ਜਾਰੀ ਕਰਕੇ ਮਿਤੀ 27.09.2019 ਨੂੰ ਦੁਪਹਿਰ ਠੀਕ 3.00 ਵਜੇ ਨਿਗਮ ਦੇ ਮੀਟਿੰਗ ਹਾਲ ਵਿੱਚ ਮੀਟਿੰਗ ਰੱਖ ਦਿੱਤੀ। ਇਸ ਮੀਟਿੰਗ ਵਿੱਚ ਰਿਕੂਜੀਸ਼ਨ ਦੇਣ ਵਾਲੇ ਕੌਂਸਲਰ ਸਾਹਿਬਾਨ ਨੇ ਨਿਯਮਾਂ ਅਨੁਸਾਰ ਬੇਵਸਾਹੀ ਦੇ ਹੱਕ ਵਿੱਚ ਨਿਗਮ ਦੇ ਕੁੱਲ ਮੈਂਬਰਾਂ ਦਾ ਬਹੁਮਤ ਅਤੇ ਮੀਟਿੰਗ ਵਿੱਚ ਹਾਜ਼ਰ ਕੌਂਸਲਰਾਂ ਦੀ 2/3 ਹਿੱਸਾ ਗਿਣਤੀ, ਹੋਣਾ ਜਰੂਰੀ ਸੀ।

ਬੇ-ਭਰੋਸਗੀ ਮਤੇ ਦੇ ਹੱਕ ਵਿੱਚ ਜਰੂਰੀ ਸੰਖਿਆ ਦੇ ਨੇੜੇ ਤੇੜੇ ਵੀ ਨਾ ਹੋਣ ਕਰਕੇ ਹਾਊਸ ਵਿੱਚ ਹੋਣ ਵਾਲੀ ਫਜੀਅਤ ਤੋਂ ਬਚਣ ਲਈ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਨੇ ਮਿਤੀ 26.09.2019 ਨੂੰ ਕਮਿਸ਼ਨਰ ਸਾਹਿਬ ਨੂੰ ਇੱਕ ਬੇਨਤੀ ਪੱਤਰ ਦੇ ਕੇ ਬੇ-ਭਰੋਸਗੀ ਦਾ ਮਤਾ ਵਾਪਸ ਲੈ ਲਿਆ।

ਮੇਅਰ, ਨਗਰ ਨਿਗਮ ਬਠਿੰਡਾ ਵੱਲੋਂ ਕਾਂਗਰਸ ਨਾਲ ਸਬੰਧਤ ਕੌਂਸਲਰਾਂ ਦੀ ਮੰਗ ਅਨੁਸਾਰ ਸੱਦੀ ਗਈ ਜਨਰਲ ਹਾਊਸ ਦੀ ਵਿਸ਼ੇਸ਼ ਮੀਟਿੰਗ ਵਿੱਚ ਹਾਜ਼ਰ ਅਸੀ ਕੁੱਲ ਕੌਂਸਲਰਾਂ ਦੀ ਬਹੁਮਤ ਗਿਣਤੀ ਅਤੇ ਹਾਜ਼ਰ ਕੌਂਲਰਜ਼ ਦੀ 100% ਸੰਖਿਆ ਸਰਬ-ਸੰਮਤੀ ਨਾਲ ਮਤਾ ਪਾਸ ਕਰਦੇ ਹਾਂ ਕਿ ਮੇਅਰ ਸਾਹਿਬ ਦੇ ਖਿਲਾਫ ਕਾਗਰਸ ਦੇ ਬੇਵਸਾਹੀ ਮਤੇ ਨੂੰ ਸਿਰੇ ਤੋਂ ਖਾਰਜ਼ ਅਤੇ ਰੱਦ ਕੀਤਾ ਜਾਂਦਾ ਹੈ ਅਤੇ ਅਸੀ ਮੇਅਰ ਸ਼੍ਰੀ ਬਲਵੰਤ ਰਾਏ 'ਨਾਥ' ਵਿੱਚ ਪੂਰਨ ਭਰੋਸੇ ਦਾ ਇਜ਼ਹਾਰ ਕਰਦੇ ਹਾਂ। ਮੇਅਰ ਸਾਹਿਬ ਦੀ ਯੋਗ ਅਗਵਾਈ, ਨਿਸ਼ਕਾਮ ਸੇਵਾ ਅਤੇ ਅਣਥਕ ਮਿਹਨਤ ਦੀ ਅਸੀ ਸ਼ਲਾਘਾ ਅਤੇ ਕਦਰ ਕਰਦੇ ਹਾਂ ਅਤੇ ਮੇਅਰ ਸਾਹਿਬ ਜੀ ਦੀ ਅਗਵਾਈ ਵਿੱਚ ਅਸੀ ਸਾਰੇ ਕੌਂਸਲਰਜ਼ ਸ਼ਹਿਰ ਨਿਵਾਸੀਆਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਬਠਿੰਡਾ ਸ਼ਹਿਰ ਨੂੰ ਬਹੁਮੁਖੀ ਵਿਕਾਸ ਦੀਆਂ ਬੁਲੰਦੀਆਂ ਤੇ ਲਿਜਾਂਦੇ ਹੋਏ ਬਠਿੰਡਾ ਨੂੰ ਹਰ ਪੱਖੋਂ ਦੇਸ਼ ਦਾ ਮੋਹਰੀ ਸ਼ਹਿਰ ਬਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛਡਾਂਗੇ"।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸਾਡਾ ਬਠਿੰਡਾ ਸ਼ਹਿਰ ਪੰਜਾਬ ਦਾ ਸੱਭ ਤੋਂ ਸਾਫ ਸੁਥਰਾ ਸ਼ਹਿਰ ਹੈ। ਇਸੇ ਕਰਕੇ ਪਿਛਲੇ ਦਿਨੀ ਹੋਏ ਸਰਵੇ ਦੋਰਾਨ ਸਵੱਛਤਾ ਵਿੱਚ ਅਸੀ ਹਿੰਦੁਸਤਾਨ ਵਿੱਚ 31ਵੇਂ ਨੰਬਰ ਤੇ ਅਤੇ ਪੰਜਾਬ ਵਿੱਚ ਪਹਿਲੇ ਸਥਾਨ ਤੇ ਆਏ ਹਾਂ। ਉਹਨਾ ਭਰੋਸਾ ਦਿਵਾਇਆ ਕਿ ਨਗਰ ਨਿਗਮ ਹਰ ਵਕਤ ਸ਼ਹਿਰ ਦੀ ਸੇਵਾ ਲਈ ਹਾਜ਼ਰ ਰਹੇਗੀ।

ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਦਾ ਏਜੰਡਾ No Confidence Motion ਬਾਰੇ ਹੈ। ਉਹਨਾਂ ਕਿਹਾ ਕਿ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਜੀ ਵੱਲੋਂ ਬੜੇ ਹੀ ਸਪਸ਼ਟ ਅਤੇ ਸਾਫ ਸ਼ਬਦਾਂ ਵਿੱਚ ਕਾਂਗਰਸ ਪਾਰਟੀ ਦੇ ਕੌਂਸਲਰਾਂ ਦੀ ਕਾਰਗੁਜ਼ਾਰੀ ਬਾਰੇ ਸੱਭ ਕੁੱਝ ਦੱਸ ਦਿੱਤਾ ਹੈ। ਉਹਨਾਂ ਦਸਿਆ ਕਿ ਜਦੋਂ ਦਾ No Confidence Motion ਮਤਾ ਆਇਆ ਹੈ, ਉਸ ਸਮੇਂ ਤੋਂ ਹੀ ਸੋਸ਼ਲ ਮੀਡੀਆ ਬਹੁਤ ਜਿਆਦਾ ਐਕਟਿਵ ਰਿਹਾ ਹੈ। ਸੋਸ਼ਲ ਮੀਡੀਆ ਤੇ ਮਾਨਯੋਗ ਮੇਅਰ ਸਾਹਿਬ ਬਾਰੇ ਲਿਖਿਆ ਜਾ ਰਿਹਾ ਹੈ, ਇਹ ਇਕ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ। ਉਹਨਾਂ ਕੋਈ ਸਰਕਾਰੀ ਕੋਠੀ ਨਹੀਂ ਲਈ। ਉਹਨਾਂ ਕੋਈ ਵਾਧੂ ਗੰਨਮੈਨ ਨਹੀਂ ਲਏ। ਆਪਣੇ ਪੁਰਾਣੇ ਮਕਾਨ ਵਿੱਚ ਰਹਿੰਦੇ ਹਨ। ਉਹ ਲਗਾਤਾਰ ਪਿਛਲੇ 30 ਸਾਲਾਂ ਤੋਂ ਕੌਂਸਲਰ ਚੁਣੇ ਜਾ ਰਹੇ ਹਨ। ਉਹ ਕਦੇ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਨਹੀਂ ਰਹੇ। ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਕਾਂਗਰਸ ਪਾਰਟੀ ਅਮੀਰਾਂ ਅਤੇ ਰਜਵਾੜੇ ਖਾਨਦਾਨ ਦੀ ਪਾਰਟੀ ਹੈ। ਇਸੇ ਕਰਕੇ ਇਹਨਾਂ ਵੱਲੋਂ ਇਕ ਸ਼ਰੀਫ ਅਤੇ ਮਿਹਨਤੀ ਮੇਅਰ ਦੇ ਖਿਲਾਫ ਬੇਵਸਾਹੀ ਦਾ ਮਤਾ ਪਾਉਣ ਦੀ ਇੰਨੀ ਵੱਡੀ ਗਲਤੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਹਾਊਸ ਵਿੱਚ ਮੌਜੂਦ ਸਾਰੇ 100% ਕੌਂਸਲਰ ਸਾਹਿਬਾਨ ਵੱਲੋਂ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਵੱਲੋਂ ਦਿੱਤੇ ਮਤੇ ਨੂੰ Strongly ਰੱਦ ਕੀਤਾ ਜਾਂਦਾ ਹੈ।

ਸ੍ਰ: ਬਲਜੀਤ ਸਿੰਘ ਬੀੜਬਹਿਮਣ, ਕੌਂਸਲਰ ਨੇ ਕਿਹਾ ਕਿ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਵੱਲੋਂ ਅੱਜ ਦੀ ਮੀਟਿੰਗ ਵਿੱਚ ਜੋ ਵੀ ਕਿਹਾ ਗਿਆ ਹੈ, ਉਹ ਸੱਭ ਸਹੀ ਹੈ। ਅਸੀ ਹਾਊਸ ਵਿੱਚ ਮੌਜੂਦ ਸਾਰੇ ਮੈਂਬਰ ਸਾਹਿਬਾਨ ਉਹਨਾਂ ਦੀ ਗੱਲ ਤੇ ਸਹਿਮਤੀ ਪ੍ਰਗਟ ਕਰਦੇ ਹਾਂ। ਉਹਨਾਂ ਦਸਿਆ ਕਿ ਕਾਂਗਰਸ ਪਾਰਟੀ ਪੰਜਾਬ ਵਿੱਚ ਤਕਰੀਬਨ 2-1/2 ਸਾਲ ਪਹਿਲਾਂ ਪਾਵਰ ਵਿੱਚ ਆਈ ਹੈ। ਇਹ ਪਾਰਟੀ ਜਦੋਂ ਤੋਂ ਪਾਵਰ ਵਿੱਚ ਆਈ ਹੈ, ਤੱਦ ਤੋਂ ਹੀ ਇਹਨਾਂ ਨੇ ਹਾਊਸ ਨੂੰ ਖਰਾਬ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਕਿਹਾ ਕਿ ਇਹ ਬੜੇ ਹੀ ਸ਼ਰਮ ਅਤੇ ਦੁੱਖ ਦੀ ਗੱਲ ਹੈ। ਉਹਨਾਂ ਪ੍ਰੈਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਤੁਸੀ ਵੀ ਹਰ ਮੀਟਿੰਗ ਵਿੱਚ ਹਾਜ਼ਰ ਹੁੰਦੇ ਹੋ। ਹਾਊਸ ਦੀ ਮਿਤੀ 13.09.2019 ਨੂੰ ਹੋਈ ਮੀਟਿੰਗ ਉਪਰੰਤ ਕਾਂਗਰਸ ਪਾਰਟੀ ਦੇ ਕੌਂਸਲਰ ਆਪਣੇ ਆਪ ਨੂੰ ਮੈਜੋਰਿਟੀ ਵਿੱਚ ਸਮਝ ਬੈਠੇ ਤੇ ਉਹਨਾਂ ਵੱਲੋਂ ਬੇਵਸਾਹੀ ਮਤਾ ਪਾਸ ਕਰਨ ਲਈ ਰਿਕੂਜੀਸ਼ਨ ਦਿੱਤੀ। ਪਰੰਤੂ ਅੱਜ ਹਾਊਸ ਵਿੱਚ ਉਹ ਸਾਰੇ ਮੈਂਬਰ ਮੌਜੂਦ ਨਹੀਂ ਹਨ। ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਬਹੁਤ ਵੱਡੀ ਜਿੱਤ ਹੈ, ਜੋ ਕਿ ਅੱਜ ਹਾਊਸ ਵਿੱਚ ਮੈਜੋਰਿਟੀ ਨਾਲ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਵੱਲੋਂ ਦਿੱਤੀ ਰਿਕੂਜੀਸ਼ਨ ਨੂੰ ਰੱਦ ਕੀਤਾ ਜਾ ਰਿਹਾ ਹੈ ਅਤੇ ਮਾਨਯੋਗ ਮੇਅਰ ਸਾਹਿਬ ਦੇ ਪ੍ਰਤੀ ਪੂਰਾ ਭਰੋਸਾ ਜਤਾਇਆ ਜਾ ਰਿਹਾ ਹੈ। ਉਹਨਾਂ ਮਾਨਯੋਗ ਮੇਅਰ ਸਾਹਿਬ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਹਾਊਸ ਵਿੱਚ ਮੌਜੂਦ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਹਮੇਸ਼ਾ ਮਾਨਯੋਗ ਮੇਅਰ ਸਾਹਿਬ ਨਾਲ ਖੜੇ ਰਹਿਣ ਦਾ ਭਰੋਸਾ ਦਿਵਾਇਆ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਅੱਜ ਹਾਊਸ ਵਿੱਚ ਖਾਲੀ ਕੁਰਸੀਆਂ ਇਹ ਦੱਸ ਰਹੀਆਂ ਹਨ ਕਿ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨਾਂ ਵੱਲੋਂ ਹਾਊਸ ਨੂੰ ਖਰਾਬ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪਹਿਲਾਂ ਕਾਂਗਰਸ ਨੂੰ ਲੋਕਾਂ ਦਾ ਵਿਸ਼ਵਾਸ ਜਿਤਣਾ ਚਾਹੀਦਾ ਹੈ। ਇਸ ਉਪਰੰਤ ਹੀ ਮਾਨਯੋਗ ਮੇਅਰ ਸਾਹਿਬ ਦੇ ਖਿਲਾਫ ਬੇ-ਭਰੋਸਗੀ ਮਤਾ ਲੈ ਕੇ ਆਉਂਦੇ।

ਸ੍ਰ: ਰਾਜਬਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਮੂਹ ਕੌਂਸਲਰ ਸਾਹਿਬਾਨ ਨੇ ਇੱਕ-ਜੁੱਟ ਹੋ ਕੇ ਪਾਰਟੀਆਂ ਦੀ ਪਿੱਠ ਨਹੀਂ ਲੱਗਣ ਦਿੱਤੀ। ਉਹਨਾਂ ਦਸਿਆ

ਕਿ ਹਾਊਸ ਦੀ ਮਿਤੀ 13.09.2019 ਦੀ ਮੀਟਿੰਗ ਵਿੱਚ ਵਿਕਾਸ ਦੇ ਕੰਮਾਂ ਤੋਂ ਇਲਾਵਾ ਕਰਮਚਾਰੀਆਂ ਨਾਲ ਸਬੰਧਤ ਮੁੱਦੇ ਸਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਨੂੰ ਫੰਡ ਨਾ ਦੇ ਕੇ ਸਗੋਂ ਨਗਰ ਸੁਧਾਰ ਟਰੱਸਟ ਨੂੰ ਫੰਡ ਦੇ ਕੇ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ, ਜਦਕਿ ਉਹਨਾਂ ਪਾਸ ਨਾ ਤਾਂ ਕੋਈ ਜੂਨੀਅਰ ਇੰਜੀਨੀਅਰ ਹੈ ਅਤੇ ਨਾ ਹੀ ਕੋਈ ਨਿਗਮ ਇੰਜੀਨੀਅਰ ਜਾਂ ਨਿਗਰਾਨ ਇੰਜੀਨੀਅਰ। ਉਹਨਾਂ ਦਸਿਆ ਕਿ ਲੋਕਾਂ ਅਤੇ ਸ਼ਹਿਰ ਦੀ ਲੋੜ ਅਨੁਸਾਰ ਵਿਕਾਸ ਦੇ ਏਜੰਡੇ ਨਗਰ ਨਿਗਮ ਵੱਲੋਂ ਪਾਸ ਕੀਤੇ ਜਾਂਦੇ ਹਨ, ਜਦਕਿ ਕੰਮ ਨਗਰ ਸੁਧਾਰ ਟਰੱਸਟ ਪਾਸੋਂ ਕਰਵਾਇਆ ਜਾ ਰਿਹਾ ਹੈ।

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕੌਂਸਲਰ ਸਾਹਿਬਾਨ ਦਾ ਸਾਥ ਦੇਣ ਤੇ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਜੇਕਰ ਅੱਜ ਆਪਾਂ ਸਾਰੇ ਇੱਕਠੇ ਹਾਂ ਤਾਂ ਹੀ ਇਹ ਜੰਗ ਜਿੱਤ ਪਾਏ ਹਾਂ। ਉਹਨਾਂ ਇਹ ਵੀ ਕਿਹਾ ਕਿ ਕਾਂਗਰਸ ਤਾਂ ਸਿਰਫ ਮਰਿਆ ਸ਼ਿਕਾਰ ਹੀ ਭਾਲਦੀ ਹੈ। ਉਹਨਾਂ ਕਿਹਾ ਕਿ ਵਿਰੋਧੀ ਧਿਰ ਦਾ ਹਮੇਸ਼ਾ Constructive ਰੋਲ ਹੋਣਾ ਚਾਹੀਦਾ ਹੈ, ਜਦਕਿ ਨਗਰ ਨਿਗਮ ਵਿਖੇ ਵਿਰੋਧੀ ਧਿਰ ਵੱਲੋਂ ਨੈਗੇਟਿਵ ਰੋਲ ਅਦਾ ਕੀਤਾ ਜਾ ਰਿਹਾ ਹੈ।

ਮਾਨਯੋਗ ਮੇਅਰ ਸਾਹਿਬ ਨੇ ਅੱਜ ਦੀ ਮੀਟਿੰਗ ਵਿੱਚ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਵੱਲੋਂ ਬੇ-ਭਰੋਸਗੀ ਸਬੰਧੀ ਦਿੱਤਾ ਮਤਾ ਰੱਦ ਕਰਨ ਤੇ ਹਾਊਸ ਵਿੱਚ ਹਾਜ਼ਰ ਕੌਂਸਲਰ ਸਾਹਿਬਾਨ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਹ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਾਂਗਰਸ ਪਾਰਟੀ ਦੇ ਕੌਂਸਲਰਾਂ ਨੇ ਜੋ ਅੱਜ ਤੋਂ 14 ਦਿਨ ਪਹਿਲਾਂ ਰਿਕੂਜੀਸ਼ਨ ਦਿੱਤੀ ਸੀ, ਉਹ ਮੈਂ ਸਮਝਦਾ ਹਾਂ ਕਿ ਬਿਲਕੁੱਲ ਬੇ-ਬੁਨਿਆਦ ਸੀ। ਉਹਨਾਂ ਦਸਿਆ ਕਿ ਉਹਨਾਂ ਪਾਸ ਪਹਿਲਾਂ ਹੀ ਬਹੁਮਤ ਸੀ। ਰਿਕੂਜੀਸ਼ਨ ਦੇਣ ਨਾਲ ਨਿਗਮ ਦਾ ਪਿਛਲੇ 14 ਦਿਨਾਂ ਤੋਂ ਕੰਮ ਵੀ ਪ੍ਰਭਾਵਤ ਹੋ ਰਿਹਾ ਹੈ ਅਤੇ ਅਕਸ ਵੀ ਖਰਾਬ ਹੋ ਰਿਹਾ ਹੈ। ਉਹਨਾਂ ਕਿਹਾ ਕਿ ਮਿਤੀ 13.09.2019 ਦੀ ਮੀਟਿੰਗ ਵਿੱਚ ਹਾਊਸ ਦੇ ਵਿਚਾਰਨ ਲਈ ਬਹੁਤ ਹੀ ਅਹਿਮ ਮੁੱਦੇ ਰੱਖੇ ਗਏ ਸਨ। ਨਗਰ ਨਿਗਮ ਨੂੰ ਆਮ ਪਬਲਿਕ ਦਾ ਕੰਮ ਕਰਨ ਲਈ ਲੋੜੀਂਦੇ ਸਟਾਫ ਦੀ ਜਰੂਰਤ ਹੈ। ਨਗਰ ਨਿਗਮ ਦੇ ਕਰਮਚਾਰੀਆਂ ਦੇ ਕੰਮ ਸਦਕਾ ਹੀ ਸਵੱਛਤਾ ਵਿੱਚ ਬਠਿੰਡਾ ਹਿੰਦੁਸਤਾਨ ਵਿੱਚ 31ਵੇਂ ਨੰਬਰ ਤੇ ਅਤੇ ਪੰਜਾਬ ਵਿੱਚ ਪਹਿਲੇ ਨੰਬਰ ਤੇ ਆਇਆ। ਉਹਨਾਂ ਹਾਊਸ ਦੇ ਮੈਂਬਰ ਸਾਹਿਬਾਨ ਅਤੇ ਮੀਡੀਆ ਦਾ ਧੰਨਵਾਦ ਕੀਤਾ, ਜਿੰਨ੍ਹਾਂ ਦੇ ਯਤਨਾਂ ਸਦਕਾ ਇਹ ਸੱਭ ਸੰਭਵ ਹੋਇਆ। ਉਹਨਾਂ ਕਿਹਾ ਕਿ ਨਗਰ ਨਿਗਮ ਦੇ ਯਤਨਾਂ ਸਦਕਾ ਬਠਿੰਡਾ ਹਿੰਦੁਸਤਾਨ ਦੇ ਤਕਰੀਬਨ 4500 ਸ਼ਹਿਰਾਂ ਨੂੰ ਪਛਾੜ ਕੇ ਪਹਿਲੇ 100 ਨੰਬਰਾਂ ਦੀ ਲਾਈਨ ਵਿੱਚ ਖੜਾ ਹੋਇਆ ਅਤੇ 31ਵਾਂ ਸਥਾਨ ਹਾਸਲ ਕੀਤਾ। ਬਠਿੰਡਾ ਹਿੰਦੁਸਤਾਨ ਦੇ ਨਕਸ਼ੇ ਵਿੱਚ ਬੁਲੰਦੀਆਂ ਨੂੰ ਛੂਹ ਰਿਹਾ ਹੈ। ਪਰੰਤੂ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਵੱਲੋਂ ਇਹ ਸੱਭ ਕੁੱਝ ਦੇਖਿਆ ਨਹੀਂ ਜਾ ਰਿਹਾ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੇਕਰ ਕਾਂਗਰਸ ਪਾਰਟੀ ਦਾ ਇਤਿਹਾਸ ਫਰੋਲਿਆ ਜਾਵੇ ਤਾਂ ਪਤਾ ਲਗੇਗਾ ਕਿ ਇਹ ਪਾਰਟੀ ਇਮਾਨਦਾਰ ਅਤੇ ਸ਼ਰੀਫ ਇਨਸਾਨ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਉਹਨਾਂ ਉਦਾਹਰਣ ਦੇ ਤੌਰ ਤੇ ਦਸਿਆ ਕਿ ਡਾ: ਬੀ.ਆਰ.ਅੰਬੇਦਕਰ ਜੀ ਨਾਲ ਵੀ ਇਸ ਪਾਰਟੀ ਨੇ ਅਜਿਹਾ ਹੀ ਕੀਤਾ ਸੀ ਅਤੇ ਉਹਨਾਂ ਨੂੰ ਸਸਪੈਂਡ ਕਰ ਦਿੱਤਾ ਸੀ। ਸ਼ਹੀਦ ਭਗਤ ਸਿੰਘ ਨੂੰ ਫਾਂਸੀ ਹੋਣ ਸਮੇਂ ਵੀ ਇਹ ਪਾਰਟੀ ਚੁੱਪ ਰਹੀ। ਇਸੇ ਤਰ੍ਹਾਂ ਸੁਭਾਸ਼ ਚੰਦਰ ਬੋਸ ਜੀ ਸਮੇਂ ਵੀ ਇਸ ਪਾਰਟੀ ਦਾ ਇਹੋ ਵਤੀਰਾ ਰਿਹਾ। ਇਹ ਸਰਮਾਏਦਾਰਾਂ ਦੀ ਪਾਰਟੀ ਹੈ। ਇਸ ਪਾਰਟੀ ਤੋਂ ਸ਼ਹਿਰ ਵਿੱਚ ਪੇਂਟਿੰਗ ਕਰਨ ਵਾਲੇ, ਰਿਕਸ਼ਾ ਚਲਾਉਣ ਵਾਲੇ ਅਤੇ ਮਜ਼ਦੂਰੀ ਕਰਨ ਵਾਲੇ ਇਨਸਾਨ ਦਾ ਮੇਅਰ ਬਣਨਾ ਬਰਦਾਸ਼ਤ ਨਹੀਂ ਹੋਇਆ। ਉਹਨਾਂ ਕਿਹਾ ਕਿ ਇਸ ਨਾਲ ਉਹਨਾਂ ਨੂੰ ਬੜਾ ਹੀ ਦੁੱਖ ਹੋਇਆ ਹੈ। ਉਹਨਾਂ ਕਿਹਾ ਕਿ ਇਸ ਪਾਰਟੀ ਦੇ ਕੌਂਸਲਰਾਂ ਵੱਲੋਂ ਦੋਸ਼ ਲਗਾਇਆ ਗਿਆ ਸੀ ਕਿ ਨਗਰ ਨਿਗਮ ਵੱਲੋਂ ਵਿਕਾਸ ਦੇ ਕੰਮ ਨਹੀਂ ਕੀਤੇ ਜਾ ਰਹੇ। ਉਹਨਾਂ ਮੀਡੀਆ ਨੂੰ ਸੰਬੋਧਿਤ ਕੀਤਾ ਕਿ ਜੇਕਰ ਨਗਰ ਨਿਗਮ ਵੱਲੋਂ ਵਿਕਾਸ ਦੇ ਅਤੇ ਸਫਾਈ ਦੇ ਕੰਮ ਨਾ ਕੀਤੇ ਹੁੰਦੇ ਤਾਂ ਕੀ ਬਠਿੰਡਾ ਅੱਜ ਪੰਜਾਬ ਵਿੱਚ ਪਹਿਲੇ ਨੰਬਰ ਤੇ ਆਉਂਦਾ? ਉਹਨਾਂ ਕਿਹਾ ਕਿ ਬਾਹਰ ਤੋਂ ਆਉਣ ਵਾਲੇ ਹਰੇਕ ਵਿਅਕਤੀ ਦਾ ਇਹੋ ਕਹਿਣਾ ਹੁੰਦਾ ਹੈ ਕਿ ਬਠਿੰਡਾ ਸ਼ਹਿਰ ਲੁਧਿਆਣਾ, ਪਟਿਆਲਾ ਅਤੇ ਜਲੰਧਰ ਵਰਗੇ ਸ਼ਹਿਰਾਂ ਤੋਂ ਬਹੁਤ ਜਿਆਦਾ ਸਾਫ ਸੁਥਰਾ ਅਤੇ ਖੂਬਸੂਰਤ ਸ਼ਹਿਰ ਹੈ। ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਪਿਛਲੇ ਸਮੇਂ ਦੌਰਾਨ ਜਿੰਨੇ ਵੀ ਪੌਦੇ ਲਗਾਏ ਗਏ ਹਨ, ਉਹਨਾਂ ਵਿੱਚੋਂ ਤਕਰੀਬਨ 90% ਪੌਦੇ ਚੱਲ ਚੁੱਕੇ ਹਨ ਅਤੇ ਵਧੀਆ ਤਰੀਕੇ ਨਾਲ ਫੱਲ-ਫੁੱਲ ਰਹੇ ਹਨ। ਪਿਛਲੇ ਸਮੇਂ ਦੌਰਾਨ ਨਗਰ ਨਿਗਮ ਵੱਲੋਂ ਲਗਭਗ 100 ਕਿਲੋਮੀਟਰ ਦੇ ਏਰੀਏ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾਈਆਂ ਗਈਆਂ ਹਨ। ਉਹਨਾਂ ਕਿਹਾ ਕਿ ਕਾਂਗਰਸ ਨੇ ਪਿਛਲੇ 60 ਸਾਲਾਂ ਤੋਂ ਇੰਨ੍ਹਾਂ ਵਿਕਾਸ ਨਹੀਂ ਕੀਤਾ ਜਿੰਨ੍ਹਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਪਿਛਲੇ 10 ਸਾਲਾਂ ਵਿੱਚ ਕਰ ਕੇ ਦਿਖਾ ਦਿੱਤਾ। ਕਾਂਗਰਸ ਪਾਰਟੀ ਨੇ ਬੈਕਵਰਡ ਇਲਾਕਿਆਂ ਵਿੱਚ ਇੱਟ ਲਗਾਉਣ ਦੀ ਵੀ ਜਰੂਰਤ ਨਹੀਂ ਸਮਝੀ ਸੀ। ਜਿੰਨ੍ਹਾਂ ਇਲਾਕਿਆਂ ਵਿੱਚ ਲੋਕਾਂ ਦੇ ਗੰਦੇ ਪਾਣੀ ਨਾਲ ਪੈਰ ਗੱਲ ਰਹੇ ਸਨ, ਪੀਣ ਵਾਲਾ ਪਾਣੀ ਨਹੀਂ ਸੀ ਮਿਲਦਾ, ਅੱਜ ਉਹਨਾਂ ਇਲਾਕਿਆਂ ਦਾ ਵਧੀਆ ਵਿਕਾਸ ਹੋਣਾ ਇਹਨਾਂ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਤੋਂ ਬਰਦਾਸ਼ਤ ਨਹੀਂ ਹੋ ਰਿਹਾ। ਇਹ ਕੌਂਸਲਰ ਇਕ ਮਜ਼ਦੂਰ ਆਦਮੀ ਦਾ ਗਲਾ ਘੁੱਟਣਾ ਚਾਹੰਦੇ ਸੀ। ਉਹਨਾਂ ਕਿਹਾ ਕਿ ਜੇਕਰ ਅੱਜ ਦੀ ਮੀਟਿੰਗ ਵਿੱਚ ਇਹ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਮੌਜੂਦ ਵੀ ਹੁੰਦੇ ਤਾਂ ਵੀ ਇਹਨਾਂ ਵੱਲੋਂ ਦਿੱਤੀ ਰਿਕੂਜੀਸ਼ਨ ਨੇ ਰੱਦ ਹੀ ਹੋਣਾ ਸੀ। ਉਹਨਾਂ ਅੱਜ ਦੀ ਮੀਟਿੰਗ ਵਿੱਚ ਹਾਊਸ ਵਿੱਚ ਮੌਜੂਦ ਕੌਂਸਲਰ ਸਾਹਿਬਾਨ ਦੇ ਖੜੇ ਹੋ ਕੇ ਉਹਨਾਂ ਪ੍ਰਤੀ ਭਰੋਸਾ ਜਤਾਉਣ ਅਤੇ ਕਾਂਗਰਸ ਪਾਰਟੀ ਦੇ ਕੌਂਸਲਰਾਂ ਦਾ ਬੇ-ਭਰੋਸਗੀ ਮਤਾ ਰੱਦ ਕਰਨ ਦਾ ਮੁੱੜ ਤੋਂ ਧੰਨਵਾਦ ਕੀਤਾ ਅਤੇ ਸਮੁੱਚੇ ਹਾਊਸ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਭੱਵਿਖ ਵਿੱਚ ਬਠਿੰਡਾ ਦੇ ਸਰਬ-ਪੱਖੀ ਵਿਕਾਸ ਲਈ ਪੂਰੇ ਤਨ-ਮਨ ਨਾਲ ਕੰਮ ਕਰਦੇ ਰਹਿਣਗੇ ਅਤੇ ਉਹਨਾਂ ਤੇ ਕੀਤੇ ਗਏ ਯਕੀਨ ਤੇ ਉਹ ਖਰਾ ਉਤਰਣਗੇ। ਉਹਨਾਂ ਦਸਿਆ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਲੀਡਰ ਸਾਹਿਬਾਨਾਂ ਦੀ ਵੀ ਇਹੋ ਹਦਾਇਤ ਹੈ ਕਿ ਸ਼ਹਿਰ ਦੇ ਵਿਕਾਸ ਲਈ ਕਿਸੇ ਨਾਲ ਕੋਈ ਪੱਖਪਾਤ ਨਾਂ ਕੀਤਾ ਜਾਵੇ। ਇਹਨਾਂ ਹਦਾਇਤਾਂ ਨੂੰ ਵੀ ਨਗਰ ਨਿਗਮ ਬਠਿੰਡਾ ਵੱਲੋਂ ਮੰਨਿਆ ਜਾ ਰਿਹਾ ਹੈ ਅਤੇ ਸ਼ਹਿਰ ਦੇ ਵਿਕਾਸ ਲਈ ਕਿਸੇ ਨਾਲ ਵੀ ਕੋਈ ਪੱਖਪਾਤ ਨਹੀਂ ਕੀਤਾ ਗਿਆ ਅਤੇ ਨਾ ਹੀ ਕਦੇ ਕੀਤਾ ਜਾਵੇਗਾ।

ਮਾਨਯੋਗ ਮੇਅਰ ਸਾਹਿਬ ਨੇ ਕਾਂਗਰਸ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਕਾਂਗਰਸ ਵੱਲੋਂ ਨਗਰ ਨਿਗਮ ਬਠਿੰਡਾ ਨੂੰ ਸ਼ਹਿਰ ਦੇ ਵਿਕਾਸ ਲਈ ਫੰਡ ਨਾ ਦੇ ਕੇ ਨਗਰ ਸੁਧਾਰ ਟਰੱਸਟ, ਬਠਿੰਡਾ ਨੂੰ ਫੰਡ ਦਿੱਤੇ ਜਾ ਰਹੇ ਹਨ। ਉਹਨਾਂ ਮੀਡੀਆ ਰਾਹੀਂ ਕਾਂਗਰਸ ਪਾਰਟੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਅਜਿਹਾ ਵਿਤਕਰਾ ਨਾ ਕੀਤਾ ਜਾਵੇ।

ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਮੀਟਿੰਗ ਵਿੱਚ ਜੋ ਵੀ ਏਜੰਡੇ ਵਿਚਾਰ ਲਈ ਲਿਆਏ ਜਾਂਦੇ ਹਨ ਉਹ ਕਾਂਗਰਸ, ਬੀ.ਜੇ.ਪੀ, ਸ਼੍ਰੋਮਣੀ ਅਕਾਲੀ ਦਲ ਅਤੇ ਆਜ਼ਾਦ ਉਮੀਦਵਾਰਾਂ ਦੇ ਵਾਰਡਾਂ ਦੇ ਹੁੰਦੇ ਹਨ। ਕਿਸੇ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨਾਂ ਵੱਲੋਂ ਆਪਣੀਆਂ ਕਮੀਆਂ ਲੁਕਾਉਣ ਖਾਤਰ ਉਹਨਾਂ ਤੇ ਪੱਖਪਾਤ ਦਾ ਦੋਸ਼ ਲਾਉਂਦੇ ਹਨ।

ਆਖੀਰ ਵਿੱਚ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੇ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ ਅਤੇ ਭੱਵਿਖ ਵਿੱਚ ਵੀ ਕਰਦਾ ਰਹਾਂਗਾ। ਉਹਨਾਂ ਹਾਊਸ ਵਿੱਚ ਮੋਜੂਦ ਕੌਂਸਲਰ ਸਾਹਿਬਾਨ ਦਾ ਉਹਨਾਂ ਵਿੱਚ ਲਗਾਤਾਰ ਯਕੀਨ ਰੱਖਣ ਖਾਤਰ ਖੜੇ ਹੋ ਕੇ ਅਤੇ ਆਪਣੇ ਹੱਥ ਖੜੇ ਕਰਕੇ ਕੋਟਿਨ-ਕੋਟਿ ਧੰਨਵਾਦ ਕੀਤਾ ਅਤੇ ਮੁੱੜ੍ਹ ਤੋਂ ਵਿਸ਼ਵਾਸ ਦਿਵਾਇਆ ਕਿ ਉਹ ਭੱਵਿਖ ਵਿੱਚ ਵੀ ਹਮੇਸ਼ਾ ਬਠਿੰਡਾ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਹਰ ਸੰਭਵ ਯਤਨ ਕਰਦੇ ਰਹਿਣਗੇ। ਉਹਨਾਂ ਮੀਡੀਆ ਦਾ ਵੀ ਧੰਨਵਾਦ ਕੀਤਾ।

ਮਤਾ ਨੰਬਰ 36: **ਅੱਜ ਦੀ ਮੀਟਿੰਗ ਵਿੱਚ ਹਾਊਸ ਵਿੱਚ ਮੋਜੂਦ 25 ਮੈਂਬਰ ਸਾਹਿਬਾਨਾਂ ਯਾਨਿ ਕਿ 100% ਹਾਜ਼ਰ ਮੈਂਬਰ ਸਾਹਿਬਾਨਾਂ ਵੱਲੋਂ ਖੜੇ ਹੋ ਕੇ ਅਤੇ ਆਪਣੇ ਦੋਵੇਂ ਹੱਥ ਉਪਰ ਖੜੇ ਕਰਕੇ ਮਾਨਯੋਗ ਮੇਅਰ ਸਾਹਿਬ ਵਿੱਚ ਪੂਰਨ ਭਰੋਸਾ ਜਤਾਇਆ ਜਾਂਦਾ ਹੈ ਅਤੇ ਪਾਸ ਕੀਤਾ ਜਾਂਦਾ ਹੈ ਕਿ ਮਾਨਯੋਗ ਮੇਅਰ ਸਾਹਿਬ ਜੀ ਖਿਲਾਫ ਮਿਤੀ 13.09.2019 ਨੂੰ ਬੇ-ਭਰੋਸਗੀ ਸਬੰਧੀ ਦਿੱਤੀ ਰਿਕੁਜੀਸ਼ਨ ਅਤੇ ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਪਾਸੋਂ ਪ੍ਰਾਪਤ ਪੱਤਰ ਨੰਬਰ 2640 ਮਿਤੀ 23.09.2019 ਰਾਹੀਂ ਦਿੱਤੀ ਉਕਤ ਰਿਕੁਜੀਸ਼ਨ ਨੂੰ ਸਰਬ-ਸੰਮਤੀ ਨਾਲ ਰੱਦ ਕਰਨਾ ਪਾਸ ਕੀਤਾ ਜਾਂਦਾ ਹੈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**